| ਇਸ਼ਤਿਹਾਰ ਨੰ. 13/2025 |
|---|

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

***https://sssb.punjab.gov.in***

https://sssb.punjab.gov.in

**ਇਸ਼ਤਿਹਾਰ ਨੰਬਰ** 13 **ਆਫ** 2025 **ਅਸਾਮੀਆਂ ਦੀ ਗਿਣਤੀ** - 159

| **ਲੜੀ ਨੰ.** | **ਵਿਭਾਗ ਦਾ ਨਾਮ** | **ਅਸਾਮੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** |
|---|---|---|---|
| **1.** | ਪੰਜਾਬ ਸਰਕਾਰ, ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਉਦਯੋਗਿਕ ਸਿਖਲਾਈ ਵਿੰਗ) ਪਲਾਟ ਨੰ 1 ਏ, ਸੈਕਟਰ 36-ਏ, ਚੰਡੀਗੜ੍ਹ। | ਹੋਸਟਲ ਸੁਪਰਡੰਟ ਕਮ ਪੀ.ਟੀ.ਆਈ | **68** |
| | | ਸਟੋਰਕੀਪਰ | **62** |
| | | ਲਾਈਬ੍ਰੇਰੀਅਨ | **03** |
| **2.** | ਪਸ਼ੂ ਪਾਲਣ ਵਿਭਾਗ , ਪੰਜਾਬ, ਲਾਈਵਸਟਾਕ ਕੰਪਲੈਕਸ, ਸੈਕਟਰ -68, ਸਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ। | ਆਟੋਕਲੇਵ ਅਪਰੇਟਰ/ਮਸ਼ੀਨ ਅਪਰੇਟਰ | **02** |
| **3.** | ਪੰਜਾਬ ਰਾਜ ਗੁਦਾਮ ਨਿਗਮ, ਚੰਡੀਗੜ੍ਹ, ਸੈਕਟਰ 17-ਬੀ, ਚੰਡੀਗੜ੍ਹ। | ਜੂਨੀਅਰ ਟੈਕਨੀਸ਼ੀਅਨ (ਸਿਵਲ) | **21** |
| | | ਜੂਨੀਅਰ ਟੈਕਨੀਸ਼ੀਅਨ (ਇਲੈਕਟ੍ਰੀਕਲ) | **03** |
| ਕੁਲ ਪੋਸਟਾਂ | | | **159** |


| **ਲੜੀ ਨੰ.** | **ਵੇਰਵਾ** | **ਪੰਨਾ ਨੰਬਰ** |
|---|---|---|
| 1. | ਮਹੱਤਵਪੂਰਨ ਮਿਤੀਆਂ | 2 |
| 2. | ਜਾਣ-ਪਹਿਚਾਣ / ਵਿਸਥਾਰਪੂਰਵਕ ਸੂਚਨਾ | 2 |
| 3. | ਵਿੱਦਿਅਕ ਯੋਗਤਾ/ਤਕਨੀਕੀ ਯੋਗਤਾ | 2 |
| 4. | ਤਨਖਾਹ ਸਕੇਲ ਅਤੇ ਭੱਤੇ | 5 |
| 5. | ਅਸਾਮੀਆਂ ਦਾ ਕੈਟਾਗਰੀ-ਵਾਈਜ਼ ਵਰਗੀਕਰਨ | 5 |
| 6. | ਅਸਾਮੀਆਂ ਅਪਲਾਈ ਕਰਨ ਲਈ ਸ਼੍ਰੇਣੀ ਕੋਡ | 9 |
| 7. | ਰਾਂਖਵਾਂਕਰਣ | 12 |
| 8. | ਉਮਰ ਸੀਮਾ | 13 |
| 9. | ਫੀਸ ਸੰਬੰਧੀ ਵੇਰਵਾ | 13 |
| 10. | ਚੋਣ ਵਿਧੀ/ਪ੍ਰੀਖਿਆ ਸੰਬੰਧੀ ਜਾਣਕਾਰੀ | 15 |
| 11. | ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ | 16 |
| 12. | ਅਪਲਾਈ ਕਰਨ ਦੀ ਵਿਧੀ | 17 |
| 13. | ਬਿਨੈਕਾਰ ਦੇ ਧਿਆਨ ਹਿੱਤ ਜ਼ਰੂਰੀ ਹਦਾਇਤਾਂ | 18 |

| ਇਸ਼ਤਿਹਾਰ ਨੰ. 13/2025 |
|---|

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

***https://sssb.punjab.gov.in***

**ਜਨਤਕ ਨਿਯੁਕਤੀਆਂ**

1. **ਮਹੱਤਵਪੂਰਨ ਮਿਤੀਆਂ:-**

| | |
|---|---|
| **ਜਨਤਕ ਸੂਚਨਾ ਪ੍ਰਕਾਸ਼ਿਤ ਹੋਣ ਦੀ ਮਿਤੀ** | **: 22.11.2025** |
| **ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ** | **: 28.11.2025** |
| **ਆਨਲਾਈਨ ਅਰਜੀਆਂ ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ** | **: 05.12.2025** |
| **ਆਨਲਾਈਨ ਅਰਜੀਆਂ ਅਪਲਾਈ/ਸਬਮਿਟ ਕਰਨ ਦੀ ਆਖਰੀ ਮਿਤੀ** | **: 27.12.25 (ਸ਼ਾਮ 05:00 ਵਜੇ ਤੱਕ)** |
| **ਫੀਸ ਭਰਨ ਦੀ ਆਖਰੀ ਮਿਤੀ** | **: 30.12.2025** |

:

2. **ਜਾਣ-ਪਹਿਚਾਣ**

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ-ਸੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

**ਵਿਸਤਾਰਪੂਰਵਕ ਸੂਚਨਾ**

ਪੰਜਾਬ ਸਰਕਾਰ , ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਉਦਯੋਗਿਕ ਸਿਖਲਾਈ ਵਿੰਗ) ਤੋਂ ਪ੍ਰਾਪਤ ਹੋਏ ਗਰੁੱਪ -ਸੀ ਦੇ ਮੰਗ ਪੱਤਰ, ਅਸਾਮੀਆਂ ਦਾ ਵਰਗੀਕਰਨ ਅਤੇ ਵਿਭਾਗੀ ਨਿਯਮਾਂ ਅਨੁਸਾਰ ਹੋਸਟਲ ਸੁਪਰਡੰਟ -ਕਮ-ਪੀ.ਟੀ.ਆਈ. ਦੀਆਂ (68) ਅਸਾਮੀਆਂ ,ਸਟੋਰਕੀਪਰ ਦੀਆਂ (62) ਅਸਾਮੀਆਂ ਅਤੇ ਲਾਈਬ੍ਰੇਰੀਅਨ ਦੀਆਂ 03 ਅਸਾਮੀਆਂ, ਪਸ਼ੂ ਪਾਲਣ ਵਿਭਾਗ ਦੀਆਂ ਆਟੋਕਲੇਵ ਅਪਰੇਟਰ/ਮਸ਼ੀਨ ਅਪਰੇਟਰ ਦੀਆਂ 02 ਅਸਾਮੀਆਂ ਅਤੇ ਪੰਜਾਬ ਰਾਜ ਗੁਦਾਮ ਨਿਗਮ ਦੀਆਂ ਜੂਨੀਅਰ ਟੈਕਟੀਸ਼ੀਅਨ ਸਿਵਲ ਦੀਆਂ 21 ਅਸਾਮੀਆਂ ਅਤੇ ਜੂਨੀਅਰ ਟੈਕਨੀਸ਼ੀਅਨ (ਇਲੈਕਟ੍ਰੀਕਲ) ਦੀਆਂ 03 ਅਸਾਮੀਆਂ ਦੀ ਸਿੱਧੀ ਭਰਤੀ ਸਬੰਧੀ ਬੋਰਡ ਦੀ ਵੈਬਸਾਈਟ https://sssb.punjab.gov.in ਤੇ ਉਮੀਦਵਾਰਾਂ ਵੱਲੋਂ ਮਿਤੀ **05-12-2025** ਤੋਂ 27**-12-2025** (ਸ਼ਾਮ 05-00 ਵਜੇ) ਤੱਕ ਆਨਲਾਈਨ ਅਰਜੀਆਂ/ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

3. **ਵਿੱਦਿਅਕ ਯੋਗਤਾ (Educational Qualification):-**

| **ਵਿਭਾਗ -** ਪੰਜਾਬ ਸਰਕਾਰ, ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਉਦਯੋਗਿਕ ਸਿਖਲਾਈ ਵਿੰਗ)। | | |
|---|---|---|
| **ਲੜੀ ਨੰ.** | **ਅਸਾਮੀ ਦਾ ਨਾਮ** | **ਵਿੱਦਿਅਕ ਯੋਗਤਾ (Educational Qualitication)** |
| 1. | ਹੋਸਟਲ ਸੁਪਰਡੰਟ ਕਮ ਪੀ.ਟੀ.ਆਈ. (68 ਅਸਾਮੀਆਂ) | (i) Should be Matriculate in second division or should pass 10+2 from recognized university or institution:<br>(ii) Should posses a certificate in Physical Education (C.P.Ed) from a recognized university or institution. Preference shall be given to a person possessing a Diploma in Physical Education |

| | | |
|---|---|---|
| | | from a recognized university or institution; **and**<br>(iii) Should posses working a experience for a minimum period of two years in the line. |
| 2. | ਸਟੋਰਕੀਪਰ<br>(62 ਅਸਾਮੀਆਂ) | 1. Should be Matriculate in 2nd class or 10+2 from a recognized university or institution;<br>2. Should posses National Trade Certificate/National Apprenticeship Certificate in Any Engineering Trade and<br>3. Should posses at least one year experience of Storekeeping in Engineering Stores. |
| 3. | ਲਾਈਬ੍ਰੇਰੀਅਨ<br>(03 ਅਸਾਮੀਆਂ) | (i)Should possess degree Bachelor or Library and information Service from Recognized university or institution; and<br>(ii) Should possess atleast one year practical experience in an organization registered under the Factories Act, 1948 or in a State Government or an institute recognized by the Government<br>OR<br>(i) Should possess B.A./B.Sc. degree from recognized university or institution;<br>(ii) Should possess Diploma in Library Science from recognized university<br>or institution; and<br>(iii) Should possess at least three years practical experience in an organization registered under the Factories Act, 1948 or in a Government or an institute recognized by the Government. |

| **ਵਿਭਾਗ -** ਪਸ਼ੁ ਪਾਲਣ ਵਿਭਾਗ, ਪੰਜਾਬ, ਲਾਈਵਸਟਾਕ ਕੰਪਲੈਕਸ, ਸੈਕਟਰ -68, ਸਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ। | | |
|---|---|---|
| **ਲੜੀ ਨੰ.** | **ਅਸਾਮੀ ਦਾ ਨਾਮ** | **ਵਿੱਦਿਅਕ ਯੋਗਤਾ (Educational Qualitication)** |
| 1. | ਆਟੋਕਲੇਵ ਅਪਰੇਟਰ/ਮਸ਼ੀਨ ਅਪਰੇਟਰ (02 ਅਸਾਮੀਆਂ) | (i) Matric or 10+2;and<br>(ii) Two years certificate in Mechanical Trade from an Industrial Training Institute.<br>(iii) Persons with Knowledge of running and maintenance of bulk sterilizer electrical or steam heaters in the case of Auto Clave Operators will given preference. |

| ਵਿਭਾਗ -ਪੰਜਾਬ ਰਾਜ ਗੁਦਾਮ ਨਿਗਮ, ਚੰਡੀਗੜ੍ਹ, ਸੈਕਟਰ-17-ਬੀ, ਐਸ.ਸੀ.ਓ 74-75, ਬੈਂਕ ਸਕਿਅਰ, ਚੰਡੀਗੜ੍ਹ। | | |
|---|---|---|
| **ਲੜੀ ਨੰ.** | **ਅਸਾਮੀ ਦਾ ਨਾਮ** | **ਵਿੱਦਿਅਕ ਯੋਗਤਾ (Educational Qualitication)** |
| 1. | ਜੂਨੀਅਰ ਟੈਕਨੀਸ਼ੀਅਨ (ਸਿਵਲ) | National Trade Certificate in Civil draftsman trade/Diploma in Civil Engineering with 50% marks from recognized Institution. |
| 2. | ਜੂਨੀਅਰ ਟੈਕਨੀਸ਼ੀਅਨ (ਇਲੈਕਟ੍ਰੀਕਲ) | National Trade Certificate in Electrician trade/Diploma in Electrical Engineering with 50% marks from recognized Institution. |

ਨੋਟ:-

(A) ਉਪਰ ਦਰਸਾਈਆਂ ਸਾਰੀਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994, ਦੇ ਨਿਯਮ 17 ਤਹਿਤ ਦਸਵੀਂ ਪੱਧਰ ਤੇ ਪੰਜਾਬੀ ਜਾਂ ਇਸਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਣੀ ਲਾਜ਼ਮੀ ਹੈ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:-

> ***"17.Knowledge of Punjabi Language-*** *No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language which may be specified by the Government from time to time."*

(B) ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ GSR72/Const./Art.309/Amd.(22)/2022,ਮਿਤੀ 28.10.2022 ਅਨੁਸਾਰ ਉਮੀਦਵਾਰ ਨੂੰ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਦੀ qualifying nature ਦੀ ਪ੍ਰੀਖਿਆ ਵਿੱਚ 50% ਅੰਕ ਲੈਣੇ ਲਾਜ਼ਮੀ ਹਨ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:

"Provided that no person shall be appointed to any post in Group-'C' service unless he had passed a qualifying test of Punjabi Language equivalent to Matriculation standard with at least fifty per cent marks, to be conducted by respective recruitment agencies in addition to competitive examination. The test pf Punjabi Language shall be a mandatory qualifying test and failure to secure a minimum of fifty per cent marks in Punjabi Language will disqualify the candidate for being considered in the final merit list of candidates to be selected irrespective of their scores or marks in other papers of the respective exam.

(C) ਉਮੀਦਵਾਰ ਆਨਲਾਈਨ ਅਪਲਾਈ ਕਰਨ ਸਮੇਂ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

**4. ਅਸਾਮੀਆਂ ਦਾ ਤਨਖਾਹ ਸਕੇਲ:-**

| ਲੜੀ ਨੰ. | ਅਸਾਮੀ ਦਾ ਨਾਮ | ਤਨਖਾਹ ਸਕੇਲ |
|---|---|---|
| 1. | ਹੋਸਟਲ ਸੁਪਰਡੰਟ-ਕਮ-ਪੀ.ਟੀ.ਆਈ. | ਪੰਜਾਬ ਉਦਯੋਗਿ ਕ ਸਿਖਲਾਈ (ਕਲਾਸ-3) ਨਾਨ ਮਨਿਸਟ੍ਰੀਅਲ ਸਰਵਿਸ (ਪਹਿਲੀ ਸੋਧ ) ਰੂਲਜ਼ 2025 ਦੇ ਸਨਮੁੱਖ ਤਨਖਾਹ **29200/-** (7th CPC) (ਲੈਵਲ-5) ਅਨੁਸਾਰ ਮਿਲਣਯੋਗ ਹੋਵੇਗਾ। |
| 2. | ਸਟੋਰਕੀਪਰ | ਪੰਜਾਬ ਉਦਯੋਗਿਕ ਸਿਖਲਾਈ (ਕਲਾਸ-3) ਨਾਨ ਮਨਿਸਟ੍ਰੀਅਲ ਸਰਵਿਸ (ਪਹਿਲੀ ਸੋਧ ) ਰੂਲਜ਼ 2025 ਦੇ ਸਨਮੁੱਖ ਤਨਖਾਹ **19900/-** (7th CPC) (ਲੈਵਲ-2) ਅਨੁਸਾਰ ਮਿਲਣਯੋਗ ਹੋਵੇਗਾ। |
| 3. | ਲਾਈਬ੍ਰੇਰੀਅਨ | ਪੰਜਾਬ ਉਦਯੋਗਿਕ ਸਿਖਲਾਈ (ਕਲਾਸ-3) ਨਾਨ ਮਨਿਸਟ੍ਰੀਅਲ ਸਰਵਿਸ (ਪਹਿਲੀ ਸੋਧ ) ਰੂਲਜ਼ 2025 ਦੇ ਸਨਮੁੱਖ ਤਨਖਾਹ **29200/-** (7th CPC) (ਲੈਵਲ-5) ਅਨੁਸਾਰ ਮਿਲਣਯੋਗ ਹੋਵੇਗਾ। |
| 4. | ਆਟੋਕਲੇਵ ਅਪਰੇਟਰ/ਮਸ਼ੀਨ ਅਪਰੇਟਰ | ਪੰਜਾਬ ਐਨੀਮਲ ਹਸਬੈਂਡਰੀ ਸਰਵਿਸ ਰੂਲਜ਼ (ਗਰੁਪ ਸੀ) ਸਰਵਿਸ (ਪਹਿਲੀ ਸੋਧ) ਰੂਲਜ਼ 2025 ਦੇ ਸਨਮੁੱਖ ਤਨਖਾਹ **25500/-** (7th CPC) (ਲੈਵਲ-4) ਅਨੁਸਾਰ ਮਿਲਣਯੋਗ ਹੋਵੇਗਾ। |
| 5. | ਜੂਨੀਅਰ ਟੈਕਨੀਸ਼ੀਅਨ (ਸਿਵਲ) | ਪੰਜਾਬ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਸਟਾਫ (ਕੰਡੀਸ਼ਨ ਆਫ ਸਰਵਿਸ ) (Group A,B,C,D) ਰੈਗੁਲੇਸ਼ਨ ਰੂਲਜ਼ ਸੋਧ 2021 ਦੇ ਸਨਮੁੱਖ ਤਨਖਾਹ **19900/-** (7th CPC) (ਲੈਵਲ-2) ਅਨੁਸਾਰ ਮਿਲਣਯੋਗ ਹੋਵੇਗਾ। |
| 6. | ਜੂਨੀਅਰ ਟੈਕਨੀਸ਼ੀਅਨ (ਇਲੈਕਟ੍ਰੀਕਲ) | ਪੰਜਾਬ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਸਟਾਫ (ਕੰਡੀਸ਼ਨ ਆਫ ਸਰਵਿਸ ) (Group A,B,C,D) ਰੈਗੁਲੇਸ਼ਨ ਰੂਲਜ਼ ਸੋਧ 2021 ਦੇ ਸਨਮੁੱਖ ਤਨਖਾਹ **19900/-** (7th CPC) (ਲੈਵਲ-2) ਅਨੁਸਾਰ ਮਿਲਣਯੋਗ ਹੋਵੇਗਾ। |

**5. ਅਸਾਮੀਆਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੈ:-**

**ਹੋਸਟਲ ਸੁਪਰਡੰਟ-ਕਮ-ਪੀ.ਟੀ.ਆਈ.(68 ਅਸਾਮੀਆਂ)-**

| Sr. No. | Category | Total Number of Vacancies | |
|---|---|---|---|
| | | A<br>Total No. of Posts (Mention Backlog, if any) | B<br>Posts Reserved for Women. (Out of A) |
| 1. | General | 22 | 06 |

| | | | |
|---|---|---|---|
| 2. | EWS | 07 | 02 |
| 3. | S.C. (M&B) | 08(01 Backlog) | 03 |
| | S.C. (R&O) | 07(01 Backlog) | 03 |
| 4. | B.C. | 07 | 03 |
| 5. | Exservicemen General | 05 | 03 |
| | Exservicemen SC-(M&B) | 01 | - |
| | Exservicemen SC-(R&O) | 02 | - |
| | Exservicemen BC | 01 | |
| 6. | Sports (General) | 02 (1 Backlog) | 01 |
| | Sports (SC-M&B) | 01 | - |
| 7. | Physically Handicapped Ortho | 01 | 01 |
| | Physically Handicapped Visual Impaired | 01 (1 Backlog) | - |
| | Physically Handicapped Hearing Impaired | 01 | 01 |
| | Physically Handicapped I.D/M.D | 01 | - |
| 8. | Freedom Fighter | 01 | - |
| | **Total Number of Vacancies** | **68** | **23** |

**<u>ਸਟੋਰਕੀਪਰ (62 ਅਸਾਮੀਆਂ):-</u>**

| Sr. No. | Category | Total Number of Vacancies | |
|---|---|---|---|
| | | A<br>Total No. of Posts (Mention Backlog, if any) | B<br>Posts Reserved for Women. (Out of A) |
| 1. | General | 20 | 06 |
| 2. | EWS | 06 | 02 |
| 3. | S.C. (M&B) | 07 | 02 |
| | S.C. (R&O) | 06 | 03 |
| 4. | B.C. | 07(01 Backlog) | 03 |

| | | | |
|---|---|---|---|
| 5. | Exservicemen General | 05 | 03 |
| | Exservicemen SC-(M&B) | 01 | - |
| | Exservicemen SC-(R&O) | 02 | - |
| | Exservicemen BC | 01 | |
| 6. | Sports (General) | 02 (1 Backlog) | - |
| | Sports (SC-R&O) | 01 | - |
| 7. | Physically Handicapped Ortho | 01 | 01 |
| | Physically Handicapped Visual Impaired | 01(1 Backlog) | - |
| | Physically Handicapped Hearing Impaired | 01 | 01 |
| | Physically Handicapped I.D/M.D | 01 | - |
| 8. | Freedom Fighter | 01 | - |
| | **Total Number of Vacancies** | **62** | **21** |

<u>**ਲਾਈਬ੍ਰੇਰੀਅਨ (03 ਅਸਾਮੀਆਂ):-**</u>

| **Sr. No.** | **Category** | **Total Number of Vacancies** | |
|---|---|---|---|
| | | **A**<br>**Total No. of Posts (Mention Backlog, if any)** | **B**<br>**Posts Reserved for Women. (Out of A)** |
| 1. | General | 01 | 01 |
| 2. | S.C. (M&B) | 01 | 01 |
| 3. | Physically Handicapped Visually Impaired | 01 | - |
| | **Total Number of Vacancies** | 03 | 02 |

**ਆਟੋਕਲੇਵ ਅਪਰੇਟਰ/ਮਸ਼ੀਨ ਅਪਰੇਟਰ (03 ਅਸਾਮੀਆਂ):-**

| Sr. No. | Category | Total Number of Vacancies | |
|---|---|---|---|
| | | A<br>Total No. of Posts (Mention Backlog, if any) | B<br>Posts Reserved for Women. (Out of A) |
| 1. | General | 01 | - |
| 2. | S.C. (R&O) | 01 | - |
| | **Total Number of Vacancies** | 02 | - |

**ਜੂਨੀਅਰ ਟੈਕਟੀਸ਼ੀਅਨ (ਸਿਵਲ) ਕੁਲ ਅਸਾਮੀਆਂ - 21**

| Sr. No. | Category | Total Number of Vacancies | |
|---|---|---|---|
| | | A<br>Total No. of Posts (Mention Backlog, if any) | B<br>Posts Reserved for Women. (Out of A) |
| 1. | General | 5 | 2 |
| 2. | EWS | 2 | 1 |
| 3. | S.C. (M&B) | 1 | - |
| | S.C. (R&O) | 2 | 1 |
| 4. | B.C. | 3 | 1 |
| 5. | Exservicemen General | 4 | 1 |
| | Exservicemen SC-(M&B) | 1 | 1 |
| | Exservicemen SC-(R&O) | 1 | - |
| | Physically Handicapped Visual Impaired | 1 | - |
| 8. | Freedom Fighter | 1 | - |
| | **Total Number of Vacancies** | **21** | **07** |

**ਜੂਨੀਅਰ ਟੈਕਟੀਸ਼ੀਅਨ (ਇਲੈਕਟ੍ਰੀਕਲ) ਕੁਲ ਅਸਾਮੀਆਂ - 03**

| Sr. | Category | Total Number of Vacancies |
|---|---|---|

| No. | | A<br>Total No. of Posts (Mention Backlog, if any) | B<br>Posts Reserved for Women. (Out of A) |
|---|---|---|---|
| 1. | General | 2 | 1 |
| 3. | S.C. (M&B) | 1 | - |
| | **Total Number of Vacancies** | | |

**6.** **<u>ਸ਼੍ਰੇਣੀ ਕੋਡ (Cateory Codes):</u>**

ਉਮੀਦਵਾਰਾਂ ਵੱਲੋਂ ਅਪਲਾਈ ਕਰਨ ਸਮੇਂ ਸ਼੍ਰੇਣੀ ਕੋਡ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕੀਤਾ ਜਾਵੇ। ਇਹਨਾਂ ਅਸਾਮੀਆਂ ਦੇ ਸ਼੍ਰੇਣੀ ਕੋਡ ਹੇਠ ਲਿਖੇ ਅਨੁਸਾਰ ਹਨ:-

(1) **<u>ਹੋਸਟਲ ਸੁਪਰਡੰਟ-ਕਮ-ਪੀ.ਟੀ.ਆਈ.(68 ਅਸਾਮੀਆਂ)-</u>**

| Sr. No. | Category | Code |
|---|---|---|
| 1. | General | 101 |
| 2. | EWS (Gen.) | 102 |
| 3. | S.C. (M & B) | 103 |
| 4. | S.C. (Ramdasia & others) | 104 |
| 5. | B.C. | 105 |
| 6. | ESM Gen. (Self) | 106 |
| 7. | ESM Gen. (Dependent) | 107 |
| 8. | ESM S.C (M & B) (Self) | 108 |
| 9. | ESM S.C (M & B) (Dependent) | 109 |
| 10. | ESM S.C (R & O) (Self) | 110 |
| 11. | ESM S.C (R & O) (Dependent) | 111 |
| 12. | ESM B.C (Self) | 112 |
| 13. | ESM B.C (Dependent) | 113 |
| 14. | Sports General | 114 |
| 15. | Sports {SC (M&B)} | 115 |
| 16 | Physically Handicapped (ortho) | 117 |
| 17 | Physically Handicapped (Visual Impaired) | 118 |
| 18 | Physically Handicapped (Hearing Impaired) | 119 |
| 19 | Physically Handicapped (I.D and M.D) | 120 |
| 20 | Freedom Fighter | 121 |

**<u>(2) ਸਟੋਰਕੀਪਰ (62 ਅਸਾਮੀਆਂ):-</u>**

| Sr. No. | Category | Code |
|---|---|---|
| 1. | General | 101 |
| 2. | EWS (Gen.) | 102 |
| 3. | S.C. (M & B) | 103 |
| 4. | S.C. (Ramdasia & others) | 104 |
| 5. | B.C. | 105 |
| 6. | ESM Gen. (Self) | 106 |
| 7. | ESM Gen. (Dependent) | 107 |
| 8. | ESM S.C (M & B) (Self) | 108 |
| 9. | ESM S.C (M & B) (Dependent) | 109 |
| 10. | ESM S.C (R & O) (Self) | 110 |
| 11. | ESM S.C (R & O) (Dependent) | 111 |
| 12. | ESM B.C (Self) | 112 |
| 13. | ESM B.C (Dependent) | 113 |
| 14. | Sports General | 114 |
| 15 | Sports {SC (R&O)} | 116 |
| 16 | Physically Handicapped (ortho) | 117 |
| 17 | Physically Handicapped (Visual Impaired) | 118 |
| 18 | Physically Handicapped (Hearing Impaired) | 119 |
| 19 | Physically Handicapped (I.D and M.D) | 120 |
| 20 | Freedom Fighter | 121 |

(3) ਲਾਈਬ੍ਰੇਰੀਅਨ (03 ਅਸਾਮੀਆਂ)

| Sr. No. | Category | Code |
|---|---|---|
| 1. | General | 101 |
| 3. | S.C. (M & B) | 103 |
| 18. | Physically Handicapped (Visually Impaired) | 118 |

(4) ਆਟੋਕਲੇਵ ਅਪਰੇਟਰ/ਮਸ਼ੀਨ ਅਪਰੇਟਰ (02 ਅਸਾਮੀਆਂ)

| Sr. No. | Category | Code |
|---|---|---|
| 1. | General | 101 |
| 3. | S.C. (R & O) | 104 |

(5) ਜੂਨੀਅਰ ਟੈਕਨੀਸ਼ੀਅਨ (ਸਿਵਲ)

| Sr. No. | Category | Code |
|---|---|---|
| 1. | General | 101 |
| 2. | EWS (Gen.) | 102 |
| 3. | S.C. (M & B) | 103 |
| 4. | S.C. (Ramdasia & others) | 104 |
| 5. | B.C. | 105 |

| | | |
|---|---|---|
| 6. | ESM Gen. (Self) | 106 |
| 7. | ESM Gen. (Dependent) | 107 |
| 8. | ESM S.C (M & B) (Self) | 108 |
| 9. | ESM S.C (M & B) (Dependent) | 109 |
| 10. | ESM S.C (R & O) (Self) | 110 |
| 11. | ESM S.C (R & O) (Dependent) | 111 |
| 12. | Physically Handicapped (Visual Impaired) | 118 |
| 13. | Freedom Fighter | 121 |

(6) ਜੂਨੀਅਰ ਟੈਕਨੀਸ਼ੀਅਨ (ਇਲੈਕਟ੍ਰੀਕਲ)(03 ਅਸਾਮੀਆਂ)

| Sr. No. | Category | Code |
|---|---|---|
| 1. | General | 101 |
| 3. | S.C. (R & O) | 104 |

| **Sr. No.** | **Category** | |
|---|---|---|
| 1. | General | ਆਮ ਵਰਗ |
| 2. | EWS (Gen.) | ਆਰਥਿਕ ਤੌਰ ਤੇ ਕਮਜ਼ੋਰ ਵਰਗ (ਆਮ) |
| 3. | S.C. (M&B) | ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ) |
| 4. | S.C. (R&O) | ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ) |
| 5. | B.C. | ਪੱਛਣੀ ਸ੍ਰੇਣੀ |
| 6. | ESM Gen.(Self) | ਸਾਬਕਾ ਫੌਜੀ ਆਮ ਵਰਗ (ਖੁਦ) |
| 7. | ESM Gen.(Dependent) | ਸਾਬਕਾ ਫੌਜੀ ਆਮ ਵਰਗ (ਆਸ਼ਰਿਤ), |
| 8. | ESM {S.C(M&B)}(Self) | ਸਾਬਕਾ ਫੌਜੀ {ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ)}(ਖੁਦ), |
| 9. | ESM {S.C(M&B)}(Dependent) | ਸਾਬਕਾ ਫੌਜੀ {ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ)}(ਆਸ਼ਰਿਤ), |
| 10. | ESM {S.C(R&O)}(Self) | ਸਾਬਕਾ ਫੌਜੀ {ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ)}(ਖੁਦ), |
| 11. | ESM | ਸਾਬਕਾ ਫੌਜੀ {ਅਨੁਸੂਚਿਤ ਜਾਤੀ |

| | | |
|---|---|---|
| | {S.C(R&O)}(Dependent) | (ਰਾਮਦਾਸੀਆ ਤੇ ਹੋਰ)}(ਆਸ਼ਰਿਤ), |
| 12. | ESM B.C (Self) | ਸਾਬਕਾ ਫੌਜੀ {ਪੱਛੜੀ ਸ਼੍ਰੇਣੀ}( ਖੁਦ), |
| 13. | ESM B.C (Dependent) | ਸਾਬਕਾ ਫੌਜੀ {ਪੱਛੜੀ ਸ਼੍ਰੇਣੀ}(ਆਸ਼ਰਿਤ), |
| 14. | Sports General | ਖਿਡਾਰੀ ਆਮ ਵਰਗ, |
| 15. | Sports {S.C. (M&B)} | ਖਿਡਾਰੀ {ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ)}, |
| 16. | Sports {SC(R&O)} | ਖਿਡਾਰੀ {ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ)}, |
| 17. | Physically Handicapped (ortho) | ਦਿਵਿਆਂਗਜਨ (ਆਰਥੋ) |
| 18. | Physically Handicapped (Visual Impaired) | ਦਿਵਿਆਂਗਜਨ (ਨੇਤਰਹੀਨ ਜਾਂ ਦੇਖਣ ਵਿੱਚ ਅਸਮਰੱਥ) |
| 19. | Physically Handicapped (Hearing Impaired) | ਦਿਵਿਆਂਗਜਨ (ਸੁਣਨ ਵਿੱਚ ਅਸਮਰੱਥ) |
| 20. | Physically Handicapped {I.D (Intellectual Disability) and M.D (Multiple Disabilities)} | ਦਿਵਿਆਂਗਜਨ (ਬੋਧਿਕ ਅਪੰਗਤਾ ਜਾਂ ਇੱਕ ਤੋਂ ਵੱਧ ਅਪੰਗਤਾ) |
| 21. | Freedom Fighter | ਸੁਤੰਤਰਤਾ ਸੰਗ੍ਰਾਮੀ |

**6. <u>ਰਾਖਵਾਂਕਰਨ / Reservation ਸਬੰਧੀ ਮਹੱਤਵਪੂਰਨ ਹਦਾਇਤਾਂ</u>:**

(I) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਰਾਜ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ।

(II) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਸੰਬੰਧੀ ਸਰਟੀਫਿਕੇਟ (Domicile Certificate ਪੇਸ਼ ਕਰੇਗਾ।) (ਇਹ ਸਰਟੀਫਿਕੇਟ ਹਰ ਉਮੀਦਵਾਰ (ਇਸਤਰੀ ਜਾਂ ਪੁਰਸ਼) ਵੱਲੋਂ ਚਾਹੇ ਉਹ ਕਿਸੇ ਵੀ ਕੈਟਾਗਰੀ ਨਾਲ ਸੰਬੰਧ ਰੱਖਦਾ ਹੋਵੇ, ਪੇਸ਼ ਕਰਨਾ ਲਾਜ਼ਮੀ ਹੈ।) ਇਹ ਸਰਟੀਫਿਕੇਟ ਅਪਲੋਡ/ਪੇਸ਼ ਕਰਨ ਸਮੇਂ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ਹੈ।

(III) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀਆਂ/EWS ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

(IV) ਇਨ੍ਹਾਂ ਅਸਾਮੀਆਂ ਦੀ ਭਰਤੀ ਪੰਜਾਬ ਸਰਕਾਰ ਦੀ Notification titled as The Punjab Civil Services (Reservation of Posts for Women) Rules, 2020 ਨੰਬਰ G.S.R. 87/Const/Art.309 and 15/2020 ਮਿਤੀ 21/10/2020 ਅਤੇ ਸਮੇਂ ਸਮੇਂ ਤੇ ਹੋਣ ਵਾਲੀਆਂ ਸੋਧਾਂ ਅਨੁਸਾਰ ਕੀਤੀ ਜਾਵੇਗੀ।

(V) ਵਿਮੁਕਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਤੇ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

(VI) ਸਾਬਕਾ ਫੌਜ਼ੀ ਕੈਟਾਗਰੀ ਦੀਆਂ ਅਸਾਮੀਆਂ ਸਾਬਕਾ ਫੌਜ਼ੀ ਸੈਲਫ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ। ਸਾਬਕਾ ਫੌਜੀ ਸੈਲਫ ਉਮੀਦਵਾਰ ਉਪਲਬਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਅਸਾਮੀਆਂ ਸਾਬਕਾ ਫੌਜੀ (ਆਸ਼ਰਿਤ) ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ।

(VII) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 08/05/2020 ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜ਼ੀ ਖੁਦ ਜਾਂ ਸਾਬਕਾ ਫੌਜ਼ੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਵੇਗੀ :-

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

"Provided further that when an ex-serviceman is not available for recruitment against a reserved vacancy and further no wife or dependent child of an Ex-serviceman is available for recruitment against a reserved vacancy, such shall be reserved to be filled in by recruitment of the grand child of a Gallantry Award Winner, in case the benefit of reservation has not been availed of by any of the children or dependents of such winner or by the winner himself subject to the conditions specified in the second provision."

**8.** **ਉਮਰ ਸੀਮਾ:-** ਉਪਰੋਕਤ ਅਸਾਮੀਆਂ ਲਈ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01-01-2025 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ :-

(I) ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(II) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਸੀਮਾ 42 ਸਾਲ ਹੋਵੇਗੀ।

(III) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਪਰਲੀ ਉਮਰ ਸੀਮਾ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

(IV) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾ Punjab Recruitment of Ex-servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਉਮਰ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(V) The upper age limit for widows, divorcees and certain other categories of married women as per instructions issued by the Government of Punjab vide Letter No. 1/50/83-5PP(1368)/3454 Dated 23/04/1984 will be relaxed up to 40 years.

ਨੋਟ:- 1. **ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾ ਵਿੱਚ ਛੋਟ ਲੈਣ ਲਈ ਆਪਣੇ ਵਿਭਾਗ ਤੋਂ** NOC **ਲੈ ਕੇ ਕੌਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

9. **ਫੀਸ ਦਾ ਵੇਰਵਾ:**

| | |
|---|---|
| ਆਮ ਵਰਗ (General Category)/ਸੁਤੰਤਰਤਾ ਸੰਗਰਾਮੀ (Freedom Fighter)/<br>ਖਿਡਾਰੀ (Sports) | 1000/-ਰੁਪਏ |
| ਐਸ.ਸੀ.(S.C)/ਬੀ.ਸੀ.(BC)/ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) | 250/-ਰੁਪਏ |
| ਸਾਬਕਾ ਫੌਜੀ ਅਤੇ ਆਸ਼ਰਿਤ (Ex-Servicemen & Dependent) | 200/-ਰੁਪਏ |

**ਨੋਟ:- ਉਮੀਦਵਾਰਾਂ ਦੁਆਰਾ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।**

**10. ਚੋਣ ਵਿਧੀ/ਪ੍ਰੀਖਿਆ ਸੰਬੰਧੀ ਜਾਣਕਾਰੀ**:-

1. ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਲਈ ਸਫਲਤਾਪੂਰਵਕ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ Objective Type {Multiple Choice Question(MCQ)} ਲਿਖਤੀ ਪ੍ਰੀਖਿਆ ਲਈ ਜਾਏਗੀ।

2. ਉਮੀਦਵਾਰਾਂ ਦੀ ਮੈਰਿਟ ਸੂਚੀ (Merit List) ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਏਗੀ।

3. ਲਿਖਤੀ ਪ੍ਰੀਖਿਆ ਵਿੱਚ ਜੇਕਰ ਮੈਰਿਟ ਦੀ ਬਰਾਬਰਤਾ ਸੰਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਮੁਤਾਬਿਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਉਮੀਦਵਾਰ ਦੀ ਮੰਗੀ ਵਿੱਦਿਅਕ ਯੋਗਤਾ ਦੀ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਦੋਵੇਂ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀਂ ਸੁਲਝਦਾ ਹੈ ਤਾਂ ਅੰਤ ਵਿੱਚ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਮੈਟ੍ਰਿਕ ਵਿਚ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ।

4. ਮੈਰਿਟ ਸੂਚੀ ਦੇ ਆਧਾਰ ਤੇ ਉਮੀਦਵਾਰਾਂ ਨੂੰ ਹਰ ਤਰ੍ਹਾਂ ਦੇ ਦਸਤਾਵੇਜਾਂ ਦੀ ਪੜਤਾਲ/ਵੈਰੀਫਿਕੇਸ਼ਨ ਕਰਨ ਲਈ ਕਾਉਂਸਲਿੰਗ ਲਈ ਬੁਲਾਇਆ ਜਾਏਗਾ। ਕਾਉਂਸਲਿੰਗ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਦਾ ਫੈਸਲਾ ਬੋਰਡ ਜਾਂ ਬੋਰਡ ਦੀ ਸਮਰੱਥ ਅਥਾਰਟੀ/ਅਧਿਕਾਰੀ ਵੱਲੋਂ ਸ਼੍ਰੇਣੀ ਵਾਈਜ ਅਸਾਮੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਜਾਏਗਾ। ਇਸ ਉਪਰੰਤ ਕਾਉਂਸਲਿੰਗ ਉਪਰੰਤ ਮੁਕੰਮਲ ਤੌਰ ਤੇ ਸਫਲ/ਯੋਗ ਪਾਏ ਗਏ ਉਮੀਦਵਾਰਾਂ ਦੇ ਨਾਮ ਅਸਾਮੀਆਂ ਦੀ ਉਸ ਸਮੇਂ ਦੀ ਮੌਜੂਦਾ ਗਿਣਤੀ (ਜੋ ਕਿ ਸਬੰਧਤ ਵਿਭਾਗ ਦੇ ਹੁਕਮਾਂ/ਹਦਾਇਤਾਂ ਅਨੁਸਾਰ ਭਰਤੀ ਪ੍ਰਕੀਰਿਆ ਦੌਰਾਨ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ) ਅਨੁਸਾਰ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤੇ ਜਾਣਗੇ।

5. ਆਨਲਾਈਨ ਅਪਲਾਈ ਕਰਨ ਜਾਂ ਲਿਖਤੀ ਪੇਪਰ ਵਿੱਚ ਅਪੀਅਰ ਹੋਣ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਉਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਅਸਾਮੀਆਂ ਲਈ ਹਰ ਪੱਖੋਂ ਉਮੀਦਵਾਰ ਦੀ ਯੋਗਤਾ ਸਿੱਧ ਹੋਣ ਉਪਰੰਤ ਹੀ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਏਗਾ। ਉਮੀਦਵਾਰ ਵੱਲੋਂ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

6. ਕਾਉਂਸਲਿੰਗ ਲਈ ਬੁਲਾਏ ਗਏ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ/ਪਾਤਰਤਾ ਦੇ ਆਧਾਰ ਤੇ ਬਿਨੈ ਕਰਨ ਵਾਲੀ ਸ਼੍ਰੇਣੀ/ਅਸਾਮੀ ਕੋਡ ਵਿੱਚ ਹੀ ਵਿਚਾਰਿਆ ਜਾਵੇਗਾ।

7. ਲਿਖਤੀ ਪ੍ਰੀਖਿਆ ਲਈ ਰੋਲ ਨੰਬਰ, ਸਲੇਬਸ ਅਤੇ ਹੋਰ ਜਾਣਕਾਰੀ ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਸਮੇਂ-ਸਮੇਂ ਤੇ ਜਾਰੀ ਕੀਤੀ ਜਾਵੇਗੀ। ਇਸ ਲਈ ਉਮੀਦਵਾਰ ਸਮੇਂ ਸਮੇਂ ਤੇ ਬੋਰਡ ਦੀ ਵੈੱਬਸਾਈਟ ਚੈੱਕ ਕਰਦੇ ਰਹਿਣਗੇ। ਕਿਸੇ ਵੀ ਉਮੀਦਵਾਰ ਨਾਲ ਵਿਅਕਤੀਗਤ

ਤੌਰ ਤੇ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ, ਜੇਕਰ ਕੋਈ ਉਮੀਦਵਾਰ ਵੈੱਬਸਾਈਟ ਚੈੱਕ ਨਹੀਂ ਕਰਦਾ ਤਾਂ ਬਾਅਦ ਵਿੱਚ ਉਸਦਾ ਕੋਈ ਕਲੇਮ ਮੰਨਣਯੋਗ ਨਹੀਂ ਹੋਵੇਗਾ।

**11. ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ**:

ਹੇਠ ਲਿਖੀ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ:

(I) ਪੂਰੀ ਫੀਸ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣਾ,

(II) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ,

(III) ਆਨਲਾਈਨ ਅਪਲਾਈ ਕਰਨ ਦੀ ਪੂਰੀ ਪ੍ਰਕੀਰਿਆ ਮੁਕੰਮਲ ਨਾ ਕਰਨਾ,

(IV) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ,

(V) ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾਂ ਪੂਰੀਆਂ ਨਾ ਹੋਣਾ,

(VI) ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਆਨਲਾਈਨ ਅਪਲਾਈ ਕਰਨ ਦੀ ਪ੍ਰਕੀਰਿਆ ਦੀ ਥਾਂ ਕਿਸੇ ਹੋਰ ਪ੍ਰਕੀਰਿਆ ਰਾਹੀਂ ਅਪਲਾਈ ਕਰਨਾ।

(VII) ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ/ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸ ਕੈਟਾਗਰੀ ਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ।

(VIII) ਕੇਂਦਰ/ ਰਾਜ ਸਰਕਾਰ ਅਧੀਨ ਕੰਮ ਕਰਦੇ ਉਮੀਦਵਾਰ ਦੀ ਯੋਗ ਪ੍ਰਣਾਲੀ ਰਾਹੀਂ ਅਰਜ਼ੀ ਪ੍ਰਾਪਤ ਨਾ ਹੋਣਾ।

**12. ਅਪਲਾਈ ਕਰਨ ਦੀ ਵਿਧੀ**:

(I) ਉਮੀਦਵਾਰ ਬੋਰਡ ਦੀ ਵੈਬਸਾਈਟ https://sssb.punjab.gov.in ਤੇ "Online Applications" ਅਧੀਨ ਮੁਹੱਈਆ ਲਿੰਕ ਤੇ ਕਲਿਕ ਕਰਕੇ ਮਿਤੀ **.11.2025 ਤੋਂ .12.2025** ਤੱਕ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਪ੍ਰਾਪਤ ਐਪਲੀਕੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਰੱਦ ਸਮਝੀ ਜਾਵੇਗੀ।

(II) ਆਨਲਾਈਨ ਅਪਲਾਈ ਕਰਨ ਦੀਆਂ ਹਦਾਇਤਾਂ (procedure) ਬੋਰਡ ਦੀ ਵੈਬਸਾਈਟ ਤੇ ਮੌਜੂਦ ਇਸ ਭਰਤੀ ਦੇ ਲਿੰਕ ਹੇਠ ਟਾਈਟਲ "Instructions for applying online" ਹੇਠ ਦਰਜ਼ ਹਨ। ਉਮੀਦਵਾਰ ਇਸ ਲਿੰਕ ਤੇ ਕਲਿਕ ਕਰਨ ਉਪਰੰਤ ਇੰਨ੍ਹਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਕੇ ਹੀ ਹਰ ਇੱਕ Step ਨੂੰ ਸਫਲਤਾਪੂਰਵਕ ਮੁਕੰਮਲ ਕਰਨ।

(III) ਉਮੀਦਵਾਰ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿਕ ਕਰਕੇ ਸਭ ਤੋਂ ਪਹਿਲਾਂ ਨਿੱਜੀ ਡਿਟੇਲ ਭਰਕੇ ਰਜਿਸਟਰੇਸ਼ਨ ਕਰਨਗੇ। ਰਜਿਸਟਰੇਸ਼ਨ ਸਫਲ ਹੋਣ ਉਪਰੰਤ Username ਅਤੇ Password Generate ਹੋ ਜਾਏਗਾ, ਜਿਸਦੀ ਵਰਤੋਂ ਕਰਕੇ ਉਮੀਦਵਾਰ ਫਿਰ ਤੋਂ Login ਕਰਕੇ Step-wise ਹਰ ਪੱਖੋਂ ਮੁੰਕਮਲ Application Form ਭਰਨਗੇ ਅਤੇ

ਇਸਨੂੰ Submit ਕਰਨਗੇ। ਪ੍ਰੰਤੂ ਇਹ Application Form ਫੀਸ ਦੀ ਸਫਲਤਾਪੂਰਵਕ ਅਦਾਇਗੀ ਹੋਣ ਉਪਰੰਤ ਹੀ ਸਵੀਕਾਰ ਕੀਤਾ ਜਾਵੇਗਾ।

(IV) ਉਮੀਦਵਾਰ Online Application Form ਭਰਨ ਸਮੇਂ ਆਪਣੀ ਪਾਸਪੋਰਟ ਸਾਈਜ਼ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੇ ਵਿਦਿਅਕ ਯੋਗਤਾ ਜਿਵੇਂ ਕਿ ਮੈਟਰਿਕ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ, ਤਕਨੀਕੀ ਯੋਗਤਾ ਅਤੇ ਕੈਟਾਗਰੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਕੈਨ ਕਰਕੇ ਅਪਲੋਡ ਕਰਨਗੇ। ਇੰਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਅਤੇ ਮੁਕੰਮਲ Online Application --Form Submit ਹੋਣ ਉਪਰੰਤ ਹੀ ਫੀਸ ਜਮ੍ਹਾ/ਅਦਾ ਕੀਤੀ ਜਾ ਸਕੇਗੀ।

(V) ਅਪਲਾਈ ਕਰਨ ਦੀ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ **.12.2025** ਹੋਵੇਗੀ। ਫੀਸ ਭਰਨ ਲਈ ਉਮੀਦਵਾਰ ਨੂੰ ਰਜਿਸਟਰੇਸ਼ਨ ਕਰਵਾਉਣ ਉਪਰੰਤ Login ਕਰਨਗੇ। Login ਕਰਨ ਉਪਰੰਤ ਉਮੀਦਵਾਰ "Proceed to Fee Payment" ਤੇ ਕਲਿਕ ਕਰਕੇ ਅਪਣੀ ਫੀਸ ਪੇ ਕਰਨਗੇ।

(VI) ਉਮੀਦਵਾਰ Online Application Submit ਕਰਨ ਉਪਰੰਤ ਫੀਸ ਦਾ ਭੁਗਤਾਨ ਕਰ ਸਕਣਗੇ। ਉਮੀਦਵਾਰ Online Application Form Submit/ਜਮ੍ਹਾਂ ਹੋਣ ਦੀ ਮਿਤੀ ਤੋਂ 2 ਦਿਨ ਬਾਅਦ ਫੀਸ ਅਦਾ ਕਰਨ ਦੀ ਆਖਰੀ **ਮਿਤੀ .12.2025**, ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਟੇਟ ਬੈਂਕ ਆਫ ਇੰਡੀਆ (State Bank of India) ਦੀ ਕਿਸੇ ਵੀ ਸ਼ਾਖਾ ਵਿੱਚ ਚਲਾਨ ਰਾਹੀਂ ਜਾਂ Net Banking ਜਾਂ Credit Card ਜਾਂ Debit Card ਜਾਂ UPI ਰਾਹੀਂ ਫੀਸ ਜਮ੍ਹਾ ਕਰਵਾ ਸਕਣਗੇ। ਕਿਸੇ ਕਾਰਨ ਫੀਸ ਜਮਾਂ ਨਾ ਹੋਣ ਦੀ ਸੂਰਤ ਵਿੱਚ ਬੋਰਡ ਦੀ ਕੋਈ ਜੁੰਮੇਵਾਰੀ ਨਹੀਂ ਹੋਵੇਗੀ।

(VII) ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾ ਕਰਵਾਉਣ ਉਪਰੰਤ ਹੀ Online ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ Online Application Form ਸਵੀਕਾਰ ਕੀਤਾ ਜਾਵੇਗਾ। **ਇਸ ਉਪਰੰਤ ਹੀ ਫੀਸ ਅਦਾ ਕਰਨ ਦੀ ਮਿਤੀ ਤੋਂ ਬਾਅਦ ਦੋ ਦਿਨ ਛੱਡ ਕੇ ਅਗਲੀ ਮਿਤੀ ਤੋਂ Online Application Form Generate/Download ਹੋ ਸਕੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਲਈ ਜਿੰਮੇਵਾਰ ਹੋਣਗੇ।**

(VIII) ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ Application form online submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ Application Form ਸਬਮਿਟ ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਏਗੀ।

(IX) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ Application Form ਅਧੂਰਾ ਸਮਝਦੇ ਹੋਏ ਸਵੀਕਾਰ ਨਹੀਂ ਕੀਤਾ ਜਾਏਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

(X) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ (valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਏਗਾ।

(XI) Challan/Net Banking/Credit Card/Debit Card ਰਾਹੀਂ ਅਦਾ ਕੀਤੀ ਗਈ ਫੀਸ ਦੀ Transaction ਕਿਸੇ ਵੀ ਕਾਰਨ ਕਰਕੇ ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ Application ਜਮ੍ਹਾਂ ਨਹੀਂ ਹੋਈ ਮੰਨੀ ਜਾਵੇਗੀ ਅਤੇ ਇੱਕ ਵਾਰ ਅਦਾ ਕੀਤੀ ਫੀਸ ਨਾ-ਮੋੜਨਯੋਗ ਹੋਵੇਗੀ।

**14. <u>ਬਿਨੈਕਾਰਾਂ ਦੇ ਧਿਆਨ ਹਿਤ ਜ਼ਰੂਰੀ ਹਦਾਇਤਾਂ</u>:**

(ੳ) ਉਮੀਦਵਾਰ ਕੈਟਾਗਰੀ ਅਤੇ ਕੈਟਾਗਰੀ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਭਰਨ ਕਿਉਂਕਿ ਫਾਰਮ ਭਰਨ ਉਪਰੰਤ ਕਿਸੇ ਵੀ ਸਟੇਜ ਤੇ ਕੈਟਾਗਰੀ ਅਤੇ ਕੈਟਾਗਰੀ ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(ਅ) ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਉਮੀਦਵਾਰ ਵੱਲੋਂ ਇੱਕ ਵਾਰ ਸਬਮਿਟ ਕੀਤਾ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(ੲ) ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੰਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਨਾ ਲਵੇ। ਜੇਕਰ ਫਾਰਮ ਭਰਨ ਵਿੱਚ ਕੋਈ ਗਲਤੀ ਹੋ ਜਾਂਦੀ ਹੈ ਤਾਂ ਫਾਰਮ ਵਿੱਚ ਕੋਈ ਸੋਧ ਨਹੀਂ ਕੀਤੀ ਜਾਵੇਗੀ।

(ਸ) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ PDF ਫਾਰਮੈਟ ਵਿੱਚ ਇੱਕ ਹੀ ਫਾਇਲ ਵਿੱਚ ਸਕੈਨ ਕਰਕੇ ਨਾਲ ਹੀ ਅਪਲੋਡ ਕਰਨਗੇ।

(ਹ) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ/ਸ਼ਡਿਊਲ, Admit Card, ਪ੍ਰੀਖਿਆ ਕੇਂਦਰ ਦੀ ਜਾਣਕਾਰੀ, ਨਤੀਜਾ, ਮੈਰਿਟ ਸੂਚੀ ਜਾਂ ਭਰਤੀ ਪ੍ਰਕੀਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹੋਰ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਏਗੀ। **ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਅਤੇ ਵਿਅਕਤੀਗਤ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਏਗੀ।** ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁੰਕਮਲ ਨਹੀਂ ਹੋ

ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Latest updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਏਗਾ।

(ਕ) ਉਮੀਦਵਾਰ ਕਾਉਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ, ਤਕਨੀਕੀ ਯੋਗਤਾ ਅਤੇ ਰਾਖਵਾਂਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ।

(ਖ) ਲਿਖਤੀ ਪ੍ਰੀਖਿਆ ਅਤੇ ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

(ਗ) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਬੋਰਡ ਦੇ ਦਫਤਰੀ ਫੋਨ ਨੰ: 0172-2298000 (ਐਕਸਟੈਂਸ਼ਨ 5106 ਅਤੇ 5107), 0172-2298083, ਹੈਲਪਲਾਈਨ ਨੰਬਰ 9646932955, 9041799018 ਤੇ ਅਤੇ ਈਮੇਲ ਆਈ.ਡੀ. helpsssb.pb@gmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਘ) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ।

**ਸਹੀ**/-

**ਸਥਾਨ**: **ਐਸ.ਏ.ਐਸ. ਨਗਰ** **ਸਕੱਤਰ**

**ਮਿਤੀ**:19.11.2025 **ਅਧੀਨ ਸੇਵਾਵਾਂ ਚੋਣ ਬੋਰਡ**, **ਪੰਜਾਬ**